### ਅਧਿਆਇ 4

# ਲੇਵੀਆਂ ਦੇ ਤਿੰਨ ਟੱਬਰ

ਗਿਣਤੀ 4 ਅਧਿਆਇ ਵਿਚ ਲੇਵੀਆਂ ਦੀ ਦੂਜੀ ਗਿਣਤੀ ਹੈ। ਇਸ ਗਿਣਤੀ ਦਾ ਉਦੇਸ਼ ਅਧਿਆਇ 3 ਵਿਚ ਜੋ ਗਿਣਤੀ ਹੈ ਉਸ ਨਾਲੋਂ ਵੱਖਰਾ ਸੀ। ਪਿਛਲੀ ਗਿਣਤੀ ਇਕ ਮਹੀਨੇ ਤੋਂ ਲੈ ਕੇ ਅਤੇ ਇਸ ਦੇ ਉੱਪਰ ਦੇ ਨਰ ਲੇਵੀਆਂ ਦੀ ਗਿਣਤੀ ਦੀ ਤੁਲਨਾ ਬਾਰਾਂ ਗੋਤਾਂ ਦੇ ਪਲੋਠੇ ਨਰਾਂ ਦੀ ਗਿਣਤੀ ਨਾਲ ਕਰਨ ਦੇ ਲਈ ਕੀਤੀ ਗਈ ਸੀ। ਅਧਿਆਇ 4 ਵਿਚ ਗਿਣਤੀ ਦਾ ਉਦੇਸ਼ ਇਹ ਨਿਰਧਾਰਤ ਕਰਨਾ ਸੀ ਕਿ ਤੀਹ ਤੋਂ ਲੈ ਕੇ ਪੰਜਾਹ ਵਰਿਹਾਂ ਦੇ ਕਿੰਨੇ ਲੇਵੀ ਜਾਜਕਾਂ ਦੇ ਗੋਤ ਨੂੰ ਸੌਂਪੇ ਗਏ ਕੰਮਾਂ ਨੂੰ ਕਰਨ ਦੇ ਲਈ ਉਪਲਬਧ ਸਨ। ਜਦ ਕਿ ਇਹ ਅਧਿਆਇ ਦੱਸਦਾ ਹੈ ਕਿ ਲੇਵੀਆਂ ਨੇ ਡੇਹਰੇ ਵਿਚ ਉਨ੍ਹਾਂ ਦੀ ਟਹਿਲ ਸੇਵਾ ਤੀਹ ਸਾਲ ਦੀ ਉਮਰ ਵਿਚ ਸ਼ੁਰੂ ਕੀਤੀ ਸੀ, 8:24, 25 ਕਹਿੰਦੀਆਂ ਹਨ ਕਿ ਲੇਵੀ "ਪੰਝੀਆਂ ਵਰਿਹਾਂ ਤੋਂ ਉੱਪਰ ਓਹ ਮੰਡਲੀ ਦੇ ਤੰਬੂ ਵਿੱਚ ਸੇਵਾ ਦੇ ਕੰਮ ਵਿੱਚ ਲੱਗੇ ਰਹੇ" ਅਤੇ "ਪੰਜਾਹ ਵਰਿਹਾਂ ਤੋਂ" ਉਹ ਸੇਵਾ ਦੇ ਕੰਮ ਤੋਂ ਰਹਿਤ ਕੀਤੇ ਗਏ। ਗੋਰਡਨ ਜੇ. ਵੈਨਹਮ ਦਾ ਮੰਨਣਾ ਸੀ ਕਿ ਅਧਿਆਇ 8 ਵਿਚ ਜੋ ਬੰਦ ਹੈ ਉਹ ਅਧਿਆਇ ਵਿਚ ਦਿੱਤੀ ਗਈ ਮਿਤੀ ਤੋਂ ਪਹਿਲਾਂ ਦੀ ਮਿਤੀ ਨੂੰ ਦਰਸਾਉਂਦਾ ਹੈ (9:1 ਅਤੇ 1:1 ਦੀ ਤੁਲਨਾ ਕਰੋ) ਅਤੇ ਇਹ ਕਿ ਲੇਵੀਆਂ ਦੀ ਸੇਵਾ ਦੇ ਲਈ ਸ਼ੁਰੂਆਤੀ ਉਮਰ ਨੂੰ (ਕਿਸੇ ਨਾ ਕਿਸੇ ਕਾਰਣ ਕਰਕੇ) ਪੰਝੀ ਤੋਂ ਵਧਾ ਕੇ ਤੀਹ ਸਾਲ ਕਰ ਦਿੱਤਾ ਗਿਆ।[1] ਆਰ. ਕੇ. ਹੈਰੀਸਨ ਨੇ ਇਕ ਵਿਕਲਪਕ ਵਿਆਖਿਆ ਦਿੱਤੀ ਸੀ, ਇਹ ਕਹਿੰਦੇ ਹੋਏ ਕਿ ਲੇਵੀਆਂ ਨੇ ਪੰਝੀ ਸਾਲ ਦੀ ਉਮਰ ਵਿਚ ਨੌਸਿਖੀਆਂ ਦੇ ਤੌਰ ਤੇ ਸੇਵਾ ਸ਼ੁਰੂ ਕੀਤੀ ਹੋਵੇਗੀ ਅਤੇ ਬਾਅਦ ਵਿਚ ਤੀਹ ਸਾਲ ਦੀ ਉਮਰ ਵਿਚ ਪੂਰੇ ਤੌਰ ਤੇ ਸੇਵਾ ਕੀਤੀ ਹੋਵੇਗੀ[2] (8:23-26 ਤੇ ਟਿੱਪਣੀਆਂ ਵੇਖੋ)।

ਲੇਵੀਆਂ ਦੇ ਤਿੰਨੇ ਟੱਬਰਾਂ - ਕਹਾਥੀਆਂ, ਗੇਰਸ਼ੋਨੀਆਂ ਅਤੇ ਮਰਾਰੀਆਂ - ਦੀ ਗਿਣਤੀ ਕੀਤੀ ਜਾਣੀ ਸੀ (4:1, 2, 21, 22, 29, 30)। ਇਹ ਤਿੰਨੇ ਟੱਬਰਾਂ, ਜਾਂ ਵੰਸ਼ਾਂ ਦੇ ਨਾਉਂ ਲੇਵੀ ਦੇ ਤਿੰਨ ਪੁੱਤ੍ਰਾਂ - ਕਹਾਥ, ਗੇਰਸ਼ੋਨ ਅਤੇ ਮਰਾਰੀ - ਦੇ ਨਾਉਂ ਤੇ ਰੱਖੇ ਗਏ ਸਨ। ਪਰਮੇਸ਼ੁਰ ਨੇ ਹਰ ਟੱਬਰ ਦੀ ਭੂਮਿਕਾ ਸੰਬੰਧੀ ਜਾਣਕਾਰੀ ਵੀ ਦਿੱਤੀ ਸੀ।

## ਕਹਾਥੀਆਂ ਦੀ ਭੂਮਿਕਾ (4:1-20)

**1ਯਹੋਵਾਹ ਮੂਸਾ ਅਰ ਹਾਰੂਨ ਨੂੰ ਬੋਲਿਆ, 2ਲੇਵੀਆਂ ਦੇ ਵਿੱਚੋਂ ਕਹਾਥੀਆਂ ਦੀਆਂ ਉਨ੍ਹਾਂ ਦੇ**
**ਟੱਬਰਾਂ ਅਤੇ ਉਨ੍ਹਾਂ ਦੇ ਪਿਤ੍ਰਾਂ ਦੇ ਘਰਾਣਿਆਂ ਅਨੁਸਾਰ ਗਿਣਤੀ ਕਰੋ। 3ਤੀਹ ਵਰਿਹਾਂ ਤੋਂ ਪੰਜਾਹ**
**ਵਰਿਹਾਂ ਤੀਕ ਸਾਰੇ ਜਿਹੜੇ ਸੇਵਾ ਕਰਨ ਯੋਗ ਹੋਣ ਓਹ ਮੰਡਲੀ ਦੇ ਤੰਬੂ ਦੀ ਟਹਿਲ ਸੇਵਾ**
**ਕਰਨ। 4ਕਹਾਥੀਆਂ ਦੀ ਸੇਵਾ ਮੰਡਲੀ ਦੇ ਤੰਬੂ ਵਿੱਚ ਅੱਤ ਪਵਿੱਤ੍ਰ ਚੀਜ਼ਾਂ ਵਿਖੇ ਏਹ ਹੈ 5ਹਾਰੂਨ**
**ਅਰ ਉਸ ਦੇ ਪੁੱਤ੍ਰ ਕੂਚ ਦੇ ਵੇਲੇ ਅੰਦਰ ਜਾਣ ਅਤੇ ਓਟ ਦਾ ਪੜਦਾ ਲਾਹੁਣ ਅਤੇ ਉਸ ਵਿੱਚ**
**ਸਾਖੀ ਦੇ ਸੰਦੂਕ ਨੂੰ ਲਪੇਟਣ। 6ਨਾਲੇ ਬੱਕਰਿਆਂ ਦੀਆਂ ਖੱਲਾਂ ਦਾ ਢੱਕਣ ਉਸ ਉੱਤੇ ਰੱਖਣ ਅਰ**
**ਉਸ ਉੱਤੇ ਨੀਲੇ ਰੰਗ ਦਾ ਕੱਪੜਾ ਵਿਛਾਉਣ ਅਰ ਉਸ ਦੀਆਂ ਚੋਬਾ ਪਾਉਣ। 7ਫੇਰ ਹਜ਼ੂਰੀ ਦੀ**

**ਰੋਟੀ ਦੀ ਮੇਜ਼ ਉੱਤੇ ਨੀਲਾ ਕੱਪੜਾ ਵਿਛਾਉਣ ਅਤੇ ਉਸ ਉੱਤੇ ਥਾਲੀਆਂ ਅਰ ਕੌਲੀਆਂ ਅਰ
ਗੜਵੇ ਅਰ ਪੀਣ ਦੀਆਂ ਭੇਟਾਂ ਦੇ ਅਰਘੇ ਰੱਖਣ ਅਤੇ ਹਮੇਸ਼ਗੀ ਦੀ ਰੋਟੀ ਉਸ ਉੱਤੇ ਪਈ ਰਹੇ।
8ਉਨ੍ਹਾਂ ਦੇ ਉੱਤੇ ਕਿਰਮਚੀ ਕੱਪੜੇ ਵਿਛਾਉਣ ਅਤੇ ਉਸ ਨੂੰ ਬੱਕਰਿਆਂ ਦੀਆਂ ਖੱਲਾਂ ਦੇ ਢੱਕਣ
ਨਾਲ ਕੱਜਣ ਅਤੇ ਉਸ ਦੀਆਂ ਚੋਬਾਂ ਪਾਉਣ। 9ਫੇਰ ਓਹ ਨੀਲਾ ਕੱਪੜਾ ਲੈ ਕੇ ਚਾਨਣ ਦੇਣ ਵਾਲਾ
ਸ਼ਮਾਦਾਨ ਢੱਕਣ ਨਾਲੇ ਉਸ ਦੇ ਦੀਵੇ, ਉਸ ਦੇ ਗੁਲ ਤਰਾਸ਼, ਉਸ ਦੇ ਗੁਲ ਦਾਨ ਅਤੇ ਉਸ ਦੇ
ਸਾਰੇ ਤੇਲ ਵਾਲੇ ਭਾਂਡੇ ਜਿਨ੍ਹਾਂ ਨਾਲ ਓਹ ਉਸ ਦੀ ਸੇਵਾ ਕਰਦੇ ਹਨ। 10ਤਾਂ ਉਸ ਦੇ ਸਾਰੇ ਸਾਮਾਨ
ਸਣੇ ਬੱਕਰਿਆਂ ਦੀਆਂ ਖੱਲਾਂ ਦੇ ਢੱਕਣ ਵਿੱਚ ਰੱਖਣ ਅਤੇ ਓਹ ਉਸ ਦੀਆਂ ਚੋਬਾਂ ਉੱਤੇ ਧਰਨ।
11ਸੋਨੇ ਦੀ ਜਗਵੇਦੀ ਉੱਤੇ ਨੀਲਾ ਕੱਪੜਾ ਵਿਛਾਉਣ ਅਤੇ ਉਸ ਨੂੰ ਬੱਕਰਿਆਂ ਦੀਆਂ ਖੱਲਾਂ ਦੇ
ਢੱਕਣ ਵਿੱਚ ਕੱਜਣ ਅਤੇ ਉਸ ਦੀਆਂ ਚੋਬਾਂ ਪਾਉਣ। 12ਫੇਰ ਓਹ ਉਪਾਸਨਾ ਦੀ ਸੇਵਾ ਦੇ ਸਾਰੇ
ਭਾਂਡੇ ਜਿਨ੍ਹਾਂ ਨਾਲ ਓਹ ਪਵਿੱਤ੍ਰ ਅਸਥਾਨ ਵਿੱਚ ਉਪਾਸਨਾ ਕਰਦੇ ਹਨ ਲੈ ਕੇ ਨੀਲੇ ਕੱਪੜੇ ਵਿੱਚ
ਪਾਉਣ ਅਤੇ ਉਨ੍ਹਾਂ ਨੂੰ ਬੱਕਰਿਆਂ ਦੀਆਂ ਖੱਲਾਂ ਦੇ ਢੱਕਣ ਵਿੱਚ ਕੱਜਣ ਅਰ ਉਨ੍ਹਾਂ ਨੂੰ ਚੋਬਾਂ ਉੱਤੇ
ਰੱਖਣ। 13ਤਾਂ ਓਹ ਜਗਵੇਦੀ ਦੀ ਸੁਆਹ ਕੱਢ ਕੇ ਉਸ ਉੱਤੇ ਬੈਂਗਣੀ ਕੱਪੜਾ ਵਿਛਾਉਣ। 14ਅਤੇ
ਉਸ ਉੱਤੇ ਸਾਰੇ ਭਾਂਡੇ ਰੱਖਣ ਜਿਨ੍ਹਾਂ ਨਾਲ ਓਹ ਉਸ ਉੱਤੇ ਉਪਾਸਨਾ ਕਰਦੇ ਹਨ ਅਰਥਾਤ
ਅੰਗੀਠੀਆਂ, ਤ੍ਰਿਸੂਲੀਆਂ, ਕੜਛੇ, ਬਾਟੀਆਂ ਅਰ ਜਗਵੇਦੀ ਦਾ ਸਾਰਾ ਸਾਮਾਨ ਅਤੇ ਉਹ ਦੇ ਉੱਤੇ
ਬੱਕਰਿਆਂ ਦੀਆਂ ਖੱਲਾਂ ਦਾ ਢੱਕਣ ਵਿਛਾਉਣ ਅਤੇ ਉਸ ਦੀਆਂ ਚੋਬਾਂ ਪਾਉਣ। 15ਜਦ ਹਾਰੂਨ
ਅਰ ਉਸ ਦੇ ਪੁੱਤ੍ਰ ਪਵਿੱਤ੍ਰ ਅਸਥਾਨ ਅਤੇ ਉਸ ਦੇ ਸਾਰੇ ਸਾਮਾਨ ਦੇ ਕੱਜਣ ਦਾ ਕੰਮ ਕਰ ਚੁੱਕਣ
ਅਤੇ ਜਦ ਡੇਰੇ ਦਾ ਕੂਚ ਹੋਣ ਵਾਲਾ ਹੋਵੇ, ਓਦੋਂ ਹੀ ਕਹਾਥੀ ਆਣ ਕੇ ਉਹ ਨੂੰ ਚੁੱਕਣ ਪਰ ਓਹ
ਕਿਸੇ ਪਵਿੱਤ੍ਰ ਵਸਤ ਨੂੰ ਨਾ ਛੋਹਣ ਮਤੇ ਓਹ ਮਰ ਜਾਣ! ਮੰਡਲੀ ਦੇ ਤੰਬੂ ਵਿੱਚੋਂ ਏਹ ਭਾਰ
ਕਹਾਥੀਆਂ ਦਾ ਹੈ। 16ਹਾਰੂਨ ਜਾਜਕ ਦੇ ਪੁੱਤ੍ਰ ਅਲਆਜ਼ਾਰ ਦੀ ਏਹ ਜੁੰਮੇਵਾਰੀ ਹੈ ਕਿ ਚਾਨਣੇ ਦਾ
ਤੇਲ, ਸੁਗੰਧੀ ਧੂਪ, ਹਮੇਸ਼ਗੀ ਦੀ ਮੈਦੇ ਦੀ ਭੇਟ ਅਰ ਮਸਹ ਕਰਨ ਦਾ ਤੇਲ ਅਰਥਾਤ ਸਾਰੇ
ਡੇਹਰੇ ਦੀ ਅਤੇ ਜੋ ਕੁਝ ਉਸ ਵਿੱਚ ਹੈ ਨਾਲੇ ਪਵਿੱਤ੍ਰ ਅਸਥਾਨ ਅਤੇ ਉਸ ਦੇ ਸਾਮਾਨ ਦੀ ਵੇਖ
ਭਾਲ ਕਰੇ। 17ਫੇਰ ਯਹੋਵਾਹ ਮੂਸਾ ਅਰ ਹਾਰੂਨ ਨੂੰ ਬੋਲਿਆ, 18ਤੁਸੀਂ ਕਹਾਥੀਆਂ ਦਿਆਂ ਟੱਬਰਾਂ
ਦਿਆਂ ਗੋਤਾਂ ਨੂੰ ਲੇਵੀਆਂ ਦੇ ਵਿੱਚੋਂ ਨਾਸ ਨਾ ਹੋਣ ਦੇਣ। 19ਪਰ ਤੁਸੀਂ ਉਨ੍ਹਾਂ ਲਈ ਏਹ ਕਰੋ ਤਾਂ ਜੋ
ਓਹ ਜੀਉਣ ਅਰ ਨਾ ਮਰਨ। ਜਦ ਓਹ ਅੱਤ ਪਵਿੱਤ੍ਰ ਚੀਜ਼ਾਂ ਕੋਲ ਜਾਣ ਤਾਂ ਹਾਰੂਨ ਅਰ ਉਸ ਦੇ
ਪੁੱਤ੍ਰ ਅੰਦਰ ਜਾ ਕੇ ਉਨ੍ਹਾਂ ਦੇ ਹਰ ਇੱਕ ਮਨੁੱਖ ਲਈ ਉਸ ਦੀ ਟਹਿਲ ਸੇਵਾ ਅਤੇ ਉਸ ਦਾ ਭਾਰ
ਠਹਿਰਾਉਣ। 20ਓਹ ਇੱਕ ਪਲ ਲਈ ਵੀ ਅੰਦਰ ਜਾ ਕੇ ਪਵਿੱਤ੍ਰ ਅਸਥਾਨ ਨੂੰ ਨਾ ਵੇਖਣ ਮਤੇ
ਓਹ ਮਰ ਜਾਣ।**

**ਆਇਤਾਂ 1-4.** ਕਹਾਥੀਆਂ ਦਾ ਟੱਬਰ ਪ੍ਰਮੁੱਖ ਟੱਬਰ ਸੀ, ਹਾਲਾਂਕਿ ਕਹਾਥ ਸ਼ਾਇਦ ਲੇਵੀ ਦਾ ਪਲੋਠਾ ਪੁੱਤਰ ਨਹੀਂ ਸੀ।[3] ਮੂਸਾ ਅਤੇ ਹਾਰੂਨ ਨੂੰ **ਲੇਵੀਆਂ ਦੇ ਵਿੱਚੋਂ ਕਹਾਥੀਆਂ ਦੀ ਉਨ੍ਹਾਂ ਦੇ ਟੱਬਰਾਂ ਅਤੇ ਉਨ੍ਹਾਂ ਦੇ ਪਿਤ੍ਰਾਂ ਦੇ ਘਰਾਣਿਆਂ ਅਨੁਸਾਰ ਗਿਣਤੀ ਕਰਨ** ਦਾ ਹੁਕਮ ਦਿੱਤਾ ਗਿਆ ਸੀ। ਜਿਹੜੇ **ਤੀਹ ਵਰਿਹਾਂ ਤੋਂ ਪੰਜਾਹ ਵਰਿਹਾਂ ਤੀਕ ਸਨ ... ਮੰਡਲੀ ਦੇ ਤੰਬੂ ਦੀ ਟਹਿਲ ਸੇਵਾ ਕਰਨ ... ਪਵਿੱਤ੍ਰ ਚੀਜ਼ਾਂ** ਦੀ ਸੰਭਾਲ ਅਤੇ ਉਨ੍ਹਾਂ ਨੂੰ ਇਕ ਥਾਂ ਤੋਂ ਚੁੱਕ ਕੇ ਦੂਜੀ ਥਾਂ ਤੇ ਲੈ ਕੇ ਜਾਣ ਦੇ ਜੋਗ ਸਨ। ਪਹਿਲਾਂ ਕਹਾਥੀਆਂ ਦੇ ਫਰਜ਼ਾਂ ਬਾਰੇ ਦੱਸਿਆ ਗਿਆ ਹੈ, ਪਰਤੱਖ ਰੂਪ ਵਿਚ ਇਸ ਲਈ ਕਿਉਂਕਿ ਕਹਾਥ ਨੂੰ ਤਿੰਨ ਟੱਬਰਾਂ ਵਿੱਚੋਂ ਜੋ ਲੇਵੀ ਤੋਂ ਆਏ ਸਨ ਪ੍ਰਮੁੱਖ ਸਮਝਿਆ ਗਿਆ ਸੀ। ਉਨ੍ਹਾਂ ਦੇ ਕੰਮ ਡੇਹਰੇ ਦੇ "ਅੱਤ ਪਵਿੱਤ੍ਰ ਅਸਥਾਨ" ਦੇ ਹਿੱਸਿਆ ਨਾਲ ਸੰਬੰਧਤ ਸਨ।

**ਆਇਤਾਂ 5-14.** ਪਰਮੇਸ਼ੁਰ ਨੇ ਇਸ ਦੇ ਸੰਬੰਧ ਵਿਚ ਵਿਸਥਾਰ ਨਾਲ ਹਦਾਇਤਾਂ ਦਿੱਤੀਆਂ ਕਿ ਕਿਵੇਂ **ਹਾਰੂਨ ਅਰ ਉਸ ਦੇ ਪੁੱਤ੍ਰਾਂ ਨੇ ਓਟ ਦੇ ਪੜਦੇ ਨੂੰ ਲਾਹੁਣਾ ਸੀ ਅਤੇ ਉਸ ਵਿੱਚ ਸਾਖੀ ਦੇ**

**ਸੰਦੂਕ ਨੂੰ ਲਪੇਟਣਾ ਸੀ**, ਨਾਲੇ ਕਿਵੇਂ ਸੰਦੂਕ ਨੂੰ **ਬੱਕਰਿਆਂ ਦੀਆਂ ਖੱਲਾਂ** ਨਾਲ ਢੱਕਣਾ ਸੀ ਅਤੇ ਉਸ ਉੱਤੇ **ਨੀਲੇ ਰੰਗ ਦਾ ਕੱਪੜਾ** ਵਿਛਾਉਣਾ ਸੀ। "ਓਟ ਦਾ ਪਰਦਾ" ਜਿਹੜਾ ਸੰਦੂਕ ਨੂੰ ਢੱਕਣ ਦੇ ਲਈ ਵਰਤਿਆ ਗਿਆ ਸੀ ਨੀਲਾ, ਬੈਂਗਣੀ ਅਤੇ ਕਿਰਮਚੀ ਪੜਦਾ ਸੀ ਜੋ ਪਵਿੱਤਰ ਅਸਥਾਨ ਅਤੇ ਅੱਤ ਪਵਿੱਤਰ ਅਸਥਾਨ ਦੇ ਵਿਚਕਾਰ ਲਮਕਦਾ ਸੀ ਅਤੇ ਦੋਹਾਂ ਥਾਵਾਂ ਨੂੰ ਇਕ ਦੂਜੇ ਤੋਂ ਵੱਖਰਾ ਕਰਦਾ ਸੀ (ਕੂਚ 26:31-33)। ਪੜਦਾ ਅਤੇ ਵਾਧੂ ਢੱਕਣ ਸੰਦੂਕ ਉੱਤੇ ਇਸ ਲਈ ਰੱਖੇ ਗਏ ਸਨ ਤਾਂ ਕਿ ਇਸ ਨੂੰ ਲੋਕਾਂ ਦੀ ਨਜ਼ਰ ਤੋਂ ਛੁਪਾਇਆ ਜਾ ਸਕੇ ਤਾਂ ਜੋ ਇਸ ਨੂੰ ਵੇਖਣ ਨਾਲ ਕਿਸੇ ਦੀ ਮੌਤ ਨਾ ਹੋ ਜਾਵੇ (4:20)। ਸੰਦੂਕ ਪਵਿੱਤਰ ਸੀ, ਇਸ ਦੀ ਪਰਮੇਸ਼ੁਰ ਦੇ ਸਿੰਘਾਸਣ ਦੇ ਰੂਪ ਵਿਚ ਵਿਆਖਿਆ ਕੀਤੀ ਗਈ ਹੈ (1 ਸਮੂਏਲ 4:4; 2 ਸਮੂਏਲ 6:2; 2 ਰਾਜਿਆਂ 19:15)।

ਸੰਦੂਕ ਨੂੰ ਸਹੀ ਤਰੀਕੇ ਨਾਲ ਚੁੱਕ ਕੇ ਲੈ ਕੇ ਜਾਣ ਦੇ ਲਈ, ਉਨ੍ਹਾਂ ਨੇ ਉਸ ਨੂੰ **ਚੋਬਾਂ ਉੱਤੇ ਧਰਨਾ** ਸੀ। ਇਹ ਚੋਬਾਂ ਸ਼ਿੱਟੀਮ ਦੀ ਲੱਕੜੀ ਦੀਆਂ ਬਣੀਆਂ ਹੋਈਆਂ ਸਨ ਅਤੇ ਉਨ੍ਹਾਂ ਨੂੰ ਸੋਨੇ ਨਾਲ ਮੜ੍ਹਿਆ ਗਿਆ ਸੀ (ਕੂਚ 25:13)। ਕਿਉਂਕਿ ਚੋਬਾਂ ਨੇ ਸੰਦੂਕ ਵਿਚ ਰਹਿਣਾ ਸੀ (ਕੂਚ 25:15; 37:5), ਸ਼ਾਇਦ ਹਾਰੂਨ ਨੇ ਉਨ੍ਹਾਂ ਚੋਬਾਂ ਨੂੰ ਸੇਧ ਵਿਚ ਪਾਉਣਾ ਸੀ। ਚੋਬਾਂ ਤੇ ਸੰਦੂਕ ਨੂੰ ਚੁੱਕ ਕੇ ਲੈ ਜਾਣ ਨਾਲ, ਕਹਾਥੀ ਇਸ ਨੂੰ ਛੋਹਣ ਅਤੇ ਇਸ ਨੂੰ ਅਪਵਿੱਤ੍ਰ ਕਰਨ ਤੋਂ ਬਚ ਜਾਣਗੇ (ਵੇਖੋ 2 ਸਮੂਏਲ 6:6, 7)।

ਇਹੋ ਜਿਹੇ **ਨੀਲੇ** ਅਤੇ **ਬੈਂਗਣੀ** ਢੱਕਣ ਅਤੇ **ਬੱਕਰਿਆਂ ਦੀਆਂ ਖੱਲਾਂ** ਡੇਹਰੇ ਦੇ ਹੋਰ ਸਾਮਾਨ ਤੇ ਵਿਛਾਈਆਂ ਗਈਆਂ ਸਨ। ਇਕ ਵਾਰ ਜਦੋਂ ਸਫ਼ਰ ਦੇ ਲਈ ਸਭ ਚੀਜ਼ਾਂ ਦੀ ਤਿਆਰੀ ਹੋ ਗਈ ਸੀ, ਕਹਾਥੀਆਂ ਨੇ "ਸਾਖੀ ਦੇ ਸੰਦੂਕ" (4:5, 6); ਰੋਟੀ ਦੀ ਮੇਜ਼ (**ਹਜ਼ੂਰੀ ਦੀ ਰੋਟੀ ਦੀ ਮੇਜ਼**) ਅਤੇ ਇਸ ਨਾਲ **ਜੁੜੀਆਂ ਥਾਲੀਆਂ, ਕੌਲੀਆਂ, ਗੜਵੇ ਅਤੇ ਅਰਘੇ** (4:7, 8); **ਸ਼ਮਾਦਾਨ** ਅਤੇ **ਸਾਰੇ ਭਾਂਡੇ** (4:9, 10) ਧੂਪ ਦੀ ਜਗਵੇਦੀ (**ਸੋਨੇ ਦੀ ਜਗਵੇਦੀ**; 4:11, 12) ਹੋਮ ਦੀ ਬਲੀ ਦੀ **ਜਗਵੇਦੀ** ("ਪਿੱਤਲ ਦੀ ਜਗਵੇਦੀ"; NIV; 4:13, 14) ਨੂੰ ਇਕ ਥਾਂ ਤੋਂ ਦੂਜੀ ਥਾਂ ਤੇ ਲੈ ਕੇ ਜਾਣਾ ਸੀ। ਕਿਸੇ ਕਾਰਣ, ਹੌਦ ਜੋ ਕਿ ਡੇਹਰੇ ਦੇ ਸਾਹਮਣੇ ਰੱਖੀ ਹੋਈ ਸੀ ਉਸ ਨੂੰ ਇਸ ਸੂਚੀ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਹੈ।

**ਆਇਤ 15.** ਜਾਜਕਾਂ ਤੋਂ ਇਲਾਵਾ ਕਿਸੇ ਵੀ ਵਿਅਕਤੀ ਦੇ ਲਈ ਡੇਹਰੇ ਦੇ ਅੰਦਰ ਲੱਗੀਆਂ ਪਵਿੱਤਰ ਚੀਜ਼ਾਂ ਨੂੰ ਛੋਹਣਾ ਜਾਂ ਇੱਥੋਂ ਤੱਕ ਕੀ ਵੇਖਣਾ ਵੀ ਪਰਮੇਸ਼ੁਰ ਦੀ ਬਿਵਸਥਾ ਦੇ ਵਿਰੁੱਧ ਸੀ (4:15, 20)। ਇਸੇ ਕਰਕੇ ਇਸ ਤੋਂ ਪਹਿਲਾਂ ਕਿ ਕਹਾਥੀ ਉਨ੍ਹਾਂ ਚੀਜ਼ਾਂ ਨੂੰ ਇਕ ਥਾਂ ਤੋਂ ਦੂਜੀ ਥਾਂ ਤੇ ਚੁੱਕ ਕੇ ਲੈ ਜਾ ਸਕਦੇ ਜਾਜਕਾਂ ਨੇ ਡੇਹਰੇ ਦੇ ਅੰਦਰ ਜਾ ਕੇ ਉਨ੍ਹਾਂ ਚੀਜ਼ਾਂ ਨੂੰ ਢੱਕਣਾ ਹੁੰਦਾ ਸੀ। ਪਰਮੇਸ਼ੁਰ ਨੇ ਆਖਿਆ, **ਜਦ ਹਾਰੂਨ ਅਰ ਉਸ ਦੇ ਪੁੱਤ੍ਰ ਪਵਿੱਤ੍ਰ ਅਸਥਾਨ ਅਤੇ ਉਸ ਦੇ ਸਾਰੇ ਸਾਮਾਨ ਦੇ ਕੱਜਣ ਦਾ ਕੰਮ ਕਰ ਚੁੱਕਣ ... ਓਦੋਂ ਹੀ ਕਹਾਥੀ ਆਣ ਕੇ ਉਹ ਨੂੰ ਚੁੱਕਣ ਪਰ ਓਹ ਕਿਸੇ ਪਵਿੱਤ੍ਰ ਵਸਤ ਨੂੰ ਨਾ ਛੋਹਣ ਮਤੇ ਓਹ ਮਰ ਜਾਣ।**

**ਆਇਤ 16.** ਕਹਾਥੀਆਂ ਨੇ ਇਹ ਸਾਰਾ ਕੰਮ ਹਾਰੂਨ ਜਾਜਕ ਦੇ ਪੁੱਤ੍ਰ ਅਲਆਜ਼ਾਰ ਦੀ ਨਿਗਰਾਨੀ ਵਿਚ ਕਰਨਾ ਸੀ, ਜਿਹੜਾ ਨਿੱਜੀ ਤੌਰ ਤੇ **ਚਾਨਣੇ ਦੇ ਤੇਲ, ਸੁਗੰਧੀ ਧੂਪ, ਹਮੇਸ਼ਗੀ ਦੀ ਮੈਦੇ ਦੀ ਭੇਟ ਅਰ ਮਸਹ ਕਰਨ ਦੇ ਤੇਲ** ਦੇ ਲਈ ਜ਼ਿੰਮੇਵਾਰ ਸੀ। ਉਸ ਦੀ ਜੁੰਮੇਵਾਰੀ ਵਿਚ **ਸਾਰੇ ਡੇਹਰੇ ਦੀ ਅਤੇ ਜੋ ਕੁਝ ਉਸ ਵਿੱਚ ਹੈ ਨਾਲੇ ਪਵਿੱਤ੍ਰ ਅਸਥਾਨ ਅਤੇ ਉਸ ਦੇ ਸਾਮਾਨ ਦੀ ਵੇਖ ਭਾਲ** ਕਰਨਾ ਸ਼ਾਮਲ ਸੀ। ਅਲਆਜ਼ਾਰ, ਕਹਾਥੀਆਂ ਦੇ ਨਾਲ ਉਸ ਦੇ ਸੰਬੰਧ ਦੇ ਕਾਰਣ, ਸਪੱਸ਼ਟ ਤੌਰ ਤੇ ਉਸ ਦੇ ਭਰਾ ਈਥਾਮਾਰ ਤੇ ਪ੍ਰਮੁੱਖਤਾ ਸੀ, ਜਿਸ ਦੇ ਪ੍ਰਤੀ ਲੇਵੀਆਂ ਦੇ ਦੋ ਹੋਰ ਟੱਬਰ ਜਵਾਬਦੇਹ ਸਨ (4:28, 33)। ਨਾਦਾਬ ਅਤੇ ਅਬੀਹੂ ਦੇ ਉਨ੍ਹਾਂ ਦੇ ਪਾਪ ਦੇ ਕਾਰਣ ਮਾਰੇ

ਜਾਣ ਤੋਂ ਬਾਅਦ ਹਾਰੂਨ ਦੇ ਸਿਰਫ ਇਹ ਦੋ ਪੁੱਤਰ ਜ਼ਿੰਦਾ ਸਨ (ਲੇਵੀਆਂ 10)। ਅਲਆਜ਼ਾਰ ਪਰਧਾਨ ਜਾਜਕ ਹਾਰੂਨ ਦਾ ਵਾਰਸ ਬਣਿਆ (ਗਿਣਤੀ 20:25-28)।

**ਆਇਤਾਂ 17-20.** ਨੀਲੇ ਅਤੇ ਬੈਂਗਣੀ ਅਤੇ ਬੱਕਰਿਆਂ ਦੀਆਂ ਖੱਲਾਂ ਦੇ ਢੱਕਣਾਂ ਨੇ ਕਹਾਥੀਆਂ ਨੂੰ ਜਿਹੜੇ ਡੇਹਰੇ ਦੇ ਸਾਮਾਨ ਨੂੰ ਚੁੱਕਦੇ ਸਨ **ਲੇਵੀਆਂ ਦੇ ਵਿੱਚੋਂ ਨਾਸ ਹੋਣ** ਤੋਂ ਬਚਾ ਕੇ ਰੱਖਣਾ ਸੀ। ਇਸ ਲਈ, ਡੇਹਰੇ ਦੀ ਹਰੇਕ ਚੀਜ਼ ਨੂੰ ਘੱਟੋ-ਘੱਟ ਦੋ ਢੱਕਣਾਂ ਨਾਲ ਢੱਕ ਕੇ ਸੁਰੱਖਿਅਤ ਰੱਖਿਆ ਗਿਆ ਸੀ। ਇਕ ਵਾਰ ਜਦੋਂ ਜਾਜਕ ਪਵਿੱਤ੍ਰ ਚੀਜ਼ਾਂ ਨੂੰ ਢੱਕ ਦਿੰਦੇ ਸਨ, ਤਾਂ ਫਿਰ ਲੇਵੀ ਡੇਹਰੇ ਦੇ ਅੰਦਰ ਵੜ ਕੇ ਉਨ੍ਹਾਂ ਚੀਜ਼ਾਂ ਨੂੰ ਚੁੱਕ ਕੇ ਅਗਲੇ ਤੰਬੂ ਵਿਚ ਲੈ ਜਾ ਸਕਦੇ ਸਨ ਅਤੇ ਉਹ ਚੀਜ਼ਾਂ ਨੂੰ ਚੁੱਕਣ ਦੇ ਲਈ ਚੋਬਾਂ ਦੀ ਵਰਤੋਂ ਕਰਦੇ ਸਨ। **ਹਾਰੂਨ ਅਤੇ ਉਸ ਦੇ ਪੁੱਤ੍ਰਾਂ** ਨੇ ਹਰੇਕ ਨੂੰ ਉਸ ਦੀ **ਟਹਿਲ ਸੇਵਾ** ਅਤੇ **ਉਸ ਦਾ ਭਾਰ** ਸੌਂਪਣਾ ਸੀ। ਕਹਾਥੀਆਂ ਨੂੰ ਉਨ੍ਹਾਂ ਦੇ ਕੰਮ ਇਸ ਚਿਤਾਵਨੀ ਨਾਲ ਸੌਂਪੇ ਗਏ ਸਨ: **ਓਹ ਇੱਕ ਪਲ ਲਈ ਵੀ ਅੰਦਰ ਜਾ ਕੇ ਪਵਿੱਤ੍ਰ ਅਸਥਾਨ ਨੂੰ ਨਾ ਵੇਖਣ ਮਤੇ ਓਹ ਮਰ ਜਾਣ।**

## ਗੇਰਸ਼ੋਨੀਆਂ ਦੇ ਕਰਤੱਵ (4:21-28)

**[21]ਯਹੋਵਾਹ ਮੂਸਾ ਨੂੰ ਬੋਲਿਆ, [22]ਗੇਰਸ਼ੋਨੀਆਂ ਦੀ ਵੀ ਉਨ੍ਹਾਂ ਦੇ ਪਿਤ੍ਰਾਂ ਦੇ ਘਰਾਣਿਆਂ ਅਤੇ**
**ਟੱਬਰਾਂ ਅਨੁਸਾਰ ਗਿਣਤੀ ਕਰ। [23]ਤੀਹ ਵਰਿਹਾਂ ਤੋਂ ਉੱਪਰ ਪੰਜਾਹ ਵਰਿਹਾਂ ਤੀਕ ਤੂੰ ਉਨ੍ਹਾਂ ਨੂੰ**
**ਗਿਣ, ਓਹ ਸਾਰੇ ਜਿਹੜੇ ਟਹਿਲ ਸੇਵਾ ਕਰਨ ਜੋਗ ਹੋਣ ਤਾਂ ਜੋ ਓਹ ਮੰਡਲੀ ਦੇ ਤੰਬੂ ਦੀ ਟਹਿਲ**
**ਸੇਵਾ ਕਰਨ। [24]ਗੇਰਸ਼ੋਨੀਆਂ ਦੇ ਟੱਬਰਾਂ ਦੀ ਟਹਿਲ ਸੇਵਾ ਅਰਥਾਤ ਭਾਰ ਚੁੱਕਣ ਦੀ ਟਹਿਲ**
**ਸੇਵਾ ਏਹ ਹੈ, - [25]ਓਹ ਡੇਹਰੇ ਦੇ ਪੜਦਿਆਂ ਨੂੰ ਚੁੱਕਣ ਨਾਲੇ ਮੰਡਲੀ ਦੇ ਤੰਬੂ, ਉਸ ਦੇ ਢੱਕਣ**
**ਸਣੇ ਅਤੇ ਬੱਕਰਿਆਂ ਦੀਆਂ ਖੱਲਾਂ ਦਾ ਢੱਕਣ ਜਿਹੜਾ ਉਸ ਉੱਤੇ ਹੈ ਅਤੇ ਮੰਡਲੀ ਦੇ ਤੰਬੂ ਦੇ**
**ਦਰਵੱਜੇ ਦੀ ਓਟ। [26]ਅਤੇ ਹਾਤੇ ਦੀਆਂ ਕਨਾਤਾਂ ਅਤੇ ਹਾਤੇ ਦੇ ਫਾਟਕ ਦੇ ਦਰਵੱਜੇ ਦੀ ਓਟ**
**ਜਿਹੜੀ ਡੇਹਰੇ ਅਰ ਜਗਵੇਦੀ ਦੇ ਆਲੇ ਦੁਆਲੇ ਹੈ ਅਤੇ ਉਨ੍ਹਾਂ ਦੀਆਂ ਲਾਸਾਂ ਅਰ ਉਨ੍ਹਾਂ ਦੀ**
**ਸੇਵਾ ਦਾ ਸਾਰਾ ਸਾਮਾਨ ਅਤੇ ਸਭ ਕੁਝ ਜੋ ਉਨ੍ਹਾਂ ਲਈ ਕਰਨਾ ਹੋਵੇ ਸੋ ਓਹ ਏਹ ਟਹਿਲ ਸੇਵਾ**
**ਕਰਨ। [27]ਹਾਰੂਨ ਅਰ ਉਸ ਦੇ ਪੁੱਤ੍ਰਾਂ ਦੇ ਹੁਕਮ ਨਾਲ ਗੇਰਸ਼ੋਨੀਆਂ ਦੀ ਸਾਰੀ ਟਹਿਲ ਸੇਵਾ ਹੋਵੇ**
**ਅਰਥਾਤ ਉਨ੍ਹਾਂ ਦਾ ਸਾਰਾ ਭਾਰ ਅਤੇ ਟਹਿਲ ਸੇਵਾ। ਇਉਂ ਤੁਸੀਂ ਉਨ੍ਹਾਂ ਉੱਤੇ ਉਨ੍ਹਾਂ ਦੇ ਸਾਰੇ ਭਾਰਾਂ**
**ਦੀ ਜੁੰਮੇਵਾਰੀ ਠਹਿਰਾਓ। [28]ਮੰਡਲੀ ਦੇ ਤੰਬੂ ਵਿੱਚ ਏਹ ਗੇਰਸ਼ੋਨੀਆਂ ਦੇ ਟੱਬਰਾਂ ਦੀ ਟਹਿਲ ਸੇਵਾ**
**ਹੋਵੇਗੀ ਅਰ ਹਾਰੂਨ ਜਾਜਕ ਦੇ ਪੁੱਤ੍ਰ ਈਥਾਮਾਰ ਦੇ ਇਖ਼ਤਿਆਰ ਵਿੱਚ ਉਨ੍ਹਾਂ ਦੀ ਵੇਖ ਭਾਲ**
**ਹੋਵੇਗੀ।**

**ਆਇਤਾਂ 21-23.** **ਗੇਰਸ਼ੋਨੀਆਂ** ਦੀ, ਦੂਜਾ ਲੇਵੀ ਟੱਬਰ ਜਿਨ੍ਹਾਂ ਦੀਆਂ ਜ਼ਿੰਮੇਵਾਰੀਆਂ ਦੇ ਬਾਰੇ ਚਰਚਾ ਕੀਤੀ ਗਈ ਹੈ, **ਉਨ੍ਹਾਂ ਦੇ ਪਿਤ੍ਰਾਂ ਦੇ ਘਰਾਣਿਆਂ ਅਤੇ ਟੱਬਰਾਂ ਦੇ ਅਨੁਸਾਰ ਗਿਣਤੀ** ਕੀਤੀ ਜਾਣੀ ਸੀ। ਜਿਹੜੇ **ਤੀਹ ਵਰਿਹਾਂ ਤੋਂ ਉੱਪਰ ਪੰਜਾਹ ਵਰਿਹਾਂ** ਤੀਕ ਸਨ ਉਨ੍ਹਾਂ ਨੂੰ **ਮੰਡਲੀ ਦੇ ਤੰਬੂ ਦੀ ਟਹਿਣ ਸੇਵਾ ਕਰਨ** ਦੇ ਜੋਗ ਗਿਣਿਆ ਜਾਣਾ ਸੀ।

**ਆਇਤਾਂ 24-28.** **ਗੇਰਸ਼ੋਨੀਆਂ** ਨੇ ਇਸ ਦੀ ਦੇਖਭਾਲ ਕਰਨੀ ਸੀ ਅਤੇ **ਪੜਦਿਆਂ ਨੂੰ ਚੁੱਕਣ ਨਾਲੇ ਮੰਡਲੀ ਦਾ ਤੰਬੂ, ਉਸ ਦੇ ਢੱਕਣ ... , ਮੰਡਲੀ ਦੇ ਤੰਬੂ ਦੇ ਦਰਵੱਜੇ ਦੀ ਓਟ ਅਤੇ ਹਾਤੇ ਦੀਆਂ ਕਨਾਤਾਂ**, ਨਾਲੇ ਇਹੋ ਜਿਹੇ ਸਾਰੇ ਸਾਮਾਨ ਨੂੰ ਜੋ ਹਾਤੇ ਨੂੰ ਬਣਾਉਣ ਦੇ ਲਈ ਇਸਤੇਮਾਲ ਕੀਤਾ ਗਿਆ ਸੀ ਕੰਮ ਨੂੰ ਸੰਭਾਲਣਾ ਸੀ (4:25, 26)। [ਪਰਧਾਨ] **ਜਾਜਕ ਹਾਰੂਨ** ਅਰ **ਉਸ ਦੇ ਪੁੱਤ੍ਰਾਂ** ਦੇ ਹੁਕਮ ਨਾਲ ਇਹ ਸਾਰੀ ਟਹਿਲ ਸੇਵਾ ਹੋਣੀ ਸੀ (4:27)। **ਈਥਾਮਾਰ**

ਸਿੱਧੇ ਤੌਰ ਤੇ ਉਨ੍ਹਾਂ ਦੀ ਨਿਗਰਾਨੀ ਦੇ ਲਈ ਜ਼ਿੰਮੇਵਾਰ ਸੀ (4:28)।

## ਮਰਾਰੀਆਂ ਦੇ ਕਰਤੱਵ (4:29-33)

**[29]ਮਰਾਰੀਆਂ ਨੂੰ ਉਨ੍ਹਾਂ ਦੇ ਟੱਬਰਾਂ ਅਤੇ ਉਨ੍ਹਾਂ ਦੇ ਪਿਤ੍ਰਾਂ ਦੇ ਘਰਾਣਿਆਂ ਅਨੁਸਾਰ ਗਿਣਨਾ।**
**[30]ਤੀਹ ਵਰਹਿਆਂ ਤੋਂ ਉੱਪਰ ਪੰਜਾਹ ਵਰਿਹਾਂ ਤੀਕ ਤੂੰ ਓਹਨਾਂ ਨੂੰ ਗਿਣ, ਓਹ ਸਾਰੇ ਜਿਹੜੇ ਟਹਿਲ**
**ਸੇਵਾ ਕਰਨ ਜੋਗ ਹੋਣ ਤਾਂ ਜੋ ਓਹ ਮੰਡਲੀ ਦੇ ਤੰਬੂ ਦੀ ਟਹਿਲ ਸੇਵਾ ਕਰਨ। [31]ਭਾਰਾਂ ਲਈ**
**ਮੰਡਲੀ ਦੇ ਤੰਬੂ ਵਿੱਚ ਉਨ੍ਹਾਂ ਦੀ ਸਾਰੀ ਜੁੰਮੇਵਾਰੀ ਏਹ ਹੈ, - ਡੇਹਰੇ ਦੀਆਂ ਫੱਟੀਆਂ, ਉਸ ਦੇ**
**ਹੋੜੇ, ਉਸ ਦੀਆਂ ਥੰਮ੍ਹੀਆਂ, ਉਸ ਦੀਆਂ ਚੀਥੀਆਂ [32]ਅਤੇ ਹਾਤੇ ਦੇ ਆਲੇ ਦੁਆਲੇ ਦੀਆਂ ਥੰਮ੍ਹੀਆਂ,**
**ਉਨ੍ਹਾਂ ਦੀਆਂ ਚੀਥੀਆਂ, ਉਨ੍ਹਾਂ ਦੀਆਂ ਕੀਲੀਆਂ, ਉਨ੍ਹਾਂ ਦੀਆਂ ਲਾਸਾਂ, ਉਨ੍ਹਾਂ ਦਾ ਸਾਰਾ ਸਾਮਾਨ**
**ਅਤੇ ਉਨ੍ਹਾਂ ਦੀ ਸਾਰੀ ਟਹਿਲ ਸੇਵਾ। ਤੁਸੀਂ ਨਾਮਾਂ ਪਰਤੀ ਸਾਮਾਨ ਚੁੱਕਣ ਦੀ ਜੁੰਮੇਵਾਰੀ ਉਨ੍ਹਾਂ ਦੀ**
**ਠਹਿਰਾਓ। [33]ਏਹ ਮਰਾਰੀਆਂ ਦੇ ਟੱਬਰਾਂ ਦੀ ਟਹਿਲ ਸੇਵਾ ਮੰਡਲੀ ਦੇ ਤੰਬੂ ਵਿੱਚ ਉਨ੍ਹਾਂ ਦੀ**
**ਸਾਰੀ ਟਹਿਲ ਸੇਵਾ ਅਨੁਸਾਰ ਹੋਵੇ ਅਤੇ ਹਾਰੂਨ ਜਾਜਕ ਦੇ ਪੁੱਤ੍ਰ ਈਥਾਮਾਰ ਦੇ ਹੱਥ ਵਿੱਚ ਹੋਵੇ।**

**ਆਇਤਾਂ 29-33. ਮਰਾਰੀਆਂ**, ਤੀਜੇ ਲੇਵੀ ਟੱਬਰ, ਦੀ ਗਿਣਤੀ ਵੀ ਉਸੇ ਤਰ੍ਹਾਂ ਕੀਤੀ ਗਈ ਸੀ ਤਾਂ ਕਿ ਉਹ **ਮੰਡਲੀ ਦੇ ਤੰਬੂ ਦੀ ਟਹਿਲ ਸੇਵਾ ਕਰਨ** ਦੇ ਲਈ ਅੰਦਰ ਵੜ ਸਕਦੇ। ਜਿਹੜੇ **ਤੀਹ ਵਰਿਹਾਂ ਤੋਂ ਉੱਪਰ ਪੰਜਾਹ ਵਰਿਹਾਂ ਤੀਕ** ਸਨ ਉਨ੍ਹਾਂ ਨੂੰ ਤੰਬੂ ਅਤੇ ਇਸ ਹਾਤੇ ਦੇ ਠੋਸ ਹਿੱਸਿਆਂ - **ਫੱਟੀਆਂ, ਹੋੜੇ, ਥੰਮ੍ਹੀਆਂ, ਚੀਥੀਆਂ** ਅਤੇ **ਕੀਲੀਆਂ**, ਨਾਲੇ ਇਨ੍ਹਾਂ ਚੀਜ਼ਾਂ ਨਾਲ ਸੰਬੰਧਤ **ਸਾਰੇ ਸਾਮਾਨ** - ਨੂੰ ਚੁੱਕਣ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ (4:31, 32)। ਗੇਰਸ਼ੋਨੀਆਂ ਦੇ ਵਾਂਗ, ਮਰਾਰੀਆਂ ਨੇ **ਹਾਰੂਨ ਜਾਜਕ ਦੇ ਪੁੱਤ੍ਰ ਈਥਾਮਰ** ਦੇ ਅਧੀਨ ਰਹਿ ਕੇ ਟਹਿਲ ਸੇਵਾ ਕਰਨੀ ਸੀ (4:33)।

## ਗਿਣਤੀ ਦੇ ਨਤੀਜੇ (4:34-49)

**[34]ਫੇਰ ਮੂਸਾ ਅਰ ਹਾਰੂਨ ਅਰ ਮੰਡਲੀ ਦੇ ਪਰਧਾਨਾਂ ਨੇ ਕਹਾਥੀਆਂ ਨੂੰ ਉਨ੍ਹਾਂ ਦੇ ਟੱਬਰਾਂ**
**ਅਤੇ ਉਨ੍ਹਾਂ ਦੇ ਪਿਤ੍ਰਾਂ ਦੇ ਘਰਾਣਿਆਂ ਅਨੁਸਾਰ ਗਿਣਿਆ। [35]ਤੀਹ ਵਰਿਹਾਂ ਤੋਂ ਉੱਪਰ ਪੰਜਾਹ**
**ਵਰਿਹਾਂ ਤੀਕ ਸਾਰੇ ਜਿਹੜੇ ਸੇਵਾ ਕਰਨ ਜੋਗ ਹੋਣ ਓਹ ਮੰਡਲੀ ਦੇ ਤੰਬੂ ਵਿੱਚ ਟਹਿਲ ਸੇਵਾ**
**ਕਰਨ। [36]ਓਹ ਉਨ੍ਹਾਂ ਦੇ ਟੱਬਰਾਂ ਅਨੁਸਾਰ ਜਿਹੜੇ ਗਿਣੇ ਗਏ ਦੋ ਹਜ਼ਾਰ ਸੱਤ ਸੌ ਪੰਜਾਹ ਸਨ।**
**[37]ਕਹਾਥੀਆਂ ਦੇ ਟੱਬਰਾਂ ਦੇ ਜਿਹੜੇ ਗਏ ਏਹੋ ਹੀ ਸਨ ਅਰਥਾਤ ਸਾਰੇ ਜਿਹੜੇ ਮੰਡਲੀ ਦੇ ਤੰਬੂ**
**ਵਿੱਚ ਟਹਿਲ ਸੇਵਾ ਕਰਦੇ ਸਨ ਜਿਨ੍ਹਾਂ ਨੂੰ ਮੂਸਾ ਅਰ ਹਾਰੂਨ ਨੇ ਯਹੋਵਾਹ ਦੇ ਹੁਕਮ ਨਾਲ ਮੂਸਾ**
**ਦੇ ਰਾਹੀਂ ਗਿਣਿਆ।**

**[38]ਗੇਰਸ਼ੋਨੀ ਜਿਹੜੇ ਆਪਣੇ ਟੱਬਰਾਂ ਅਤੇ ਆਪਣੇ ਪਿਤ੍ਰਾਂ ਦੇ ਘਰਾਣਿਆਂ ਅਨੁਸਾਰ ਗਿਣੇ**
**ਗਏ। [39]ਤੀਹ ਵਰਿਹਾਂ ਤੋਂ ਉੱਪਰ ਪੰਜਾਹ ਵਰਿਹਾਂ ਤੀਕ ਸਾਰੇ ਜਿਹੜੇ ਸੇਵਾ ਕਰਨ ਜੋਗ ਹੋਣ ਓਹ**
**ਮੰਡਲੀ ਦੇ ਤੰਬੂ ਵਿੱਚ ਟਹਿਲ ਸੇਵਾ ਕਰਨ। [40]ਅਤੇ ਓਹ ਜਿਹੜੇ ਉਨ੍ਹਾਂ ਦੇ ਟੱਬਰਾਂ ਅਤੇ ਆਪਣੇ**
**ਪਿਤ੍ਰਾਂ ਦੇ ਘਰਾਣਿਆਂ ਅਨੁਸਾਰ ਗਿਣੇ ਗਏ ਦੋ ਹਜ਼ਾਰ ਛੇ ਸੌ ਤੀਹ ਸਨ। [41]ਗੇਰਸ਼ੋਨੀਆਂ ਦੇ**
**ਟੱਬਰਾਂ ਦੇ ਜਿਹੜੇ ਗਿਣੇ ਗਏ ਏਹੋ ਹੀ ਸਨ ਅਰਥਾਤ ਸਾਰੇ ਜਿਹੜੇ ਮੰਡਲੀ ਦੇ ਤੰਬੂ ਵਿੱਚ**
**ਟਹਿਲ ਸੇਵਾ ਕਰਨ ਜਿਨ੍ਹਾਂ ਨੂੰ ਮੂਸਾ ਅਰ ਹਾਰੂਨ ਨੇ ਯਹੋਵਾਹ ਦੇ ਹੁਕਮ ਨਾਲ ਗਿਣਿਆ।**

**[42]ਮਰਾਰੀਆਂ ਦੇ ਟੱਬਰਾਂ ਦੇ ਜਿਹੜੇ ਆਪਣੇ ਟੱਬਰਾਂ ਅਤੇ ਆਪਣੇ ਪਿਤ੍ਰਾਂ ਦੇ ਘਰਾਣਿਆਂ**
**ਅਨੁਸਾਰ ਗਿਣੇ ਗਏ। [43]ਤੀਹ ਵਰਿਹਾਂ ਤੋਂ ਉੱਪਰ ਪੰਜਾਹ ਵਰਿਹਾਂ ਤੀਕ ਸਾਰੇ ਜਿਹੜੇ ਸੇਵਾ**

**ਕਰਨ ਜੋਗ ਹੋਣ ਓਹ ਮੰਡਲੀ ਦੇ ਤੰਬੂ ਵਿੱਚ ਟਹਿਲ ਸੇਵਾ ਕਰਨ। [44]ਓਹ ਜਿਹੜੇ ਉਨ੍ਹਾਂ ਦੇ ਟੱਬਰਾਂ ਅਨੁਸਾਰ ਗਿਣੇ ਗਏ ਤਿੰਨ ਹਜ਼ਾਰ ਦੋ ਸੌ ਸਨ। [45]ਮਰਾਰੀਆਂ ਦੇ ਟੱਬਰਾਂ ਦੇ ਟੱਬਰਾਂ ਦੇ ਜਿਹੜੇ ਗਿਣੇ ਗਏ ਏਹੋ ਹੀ ਸਨ ਜਿਨ੍ਹਾਂ ਨੂੰ ਮੂਸਾ ਅਰ ਹਾਰੂਨ ਨੇ ਯਹੋਵਾਹ ਦੇ ਹੁਕਮ ਨਾਲ ਮੂਸਾ ਦੇ ਰਾਹੀਂ ਗਿਣਿਆ।**

**[46]ਸਾਰੇ ਲੇਵੀ ਜਿਹੜੇ ਗਿਣੇ ਗਏ ਜਿਨ੍ਹਾਂ ਨੂੰ ਮੂਸਾ ਅਰ ਹਾਰੂਨ ਅਰ ਇਸਰਾਏਲ ਦੇ ਪਰਧਾਨਾਂ ਨੇ ਗਿਣਿਆ ਉਨ੍ਹਾਂ ਦੇ ਟੱਬਰਾਂ ਅਤੇ ਉਨ੍ਹਾਂ ਦੇ ਪਿਤ੍ਰਾਂ ਦੇ ਘਰਾਣਿਆਂ ਅਨੁਸਾਰ। [47]ਤੀਹ ਵਰਿਹਾਂ ਤੋਂ ਉੱਪਰ ਪੰਜਾਹ ਵਰਿਹਾਂ ਤੀਕ ਸਾਰੇ ਜਿਹੜੇ ਟਹਿਲ ਸੇਵਾ ਕਰਨ ਅਰ ਭਾਰ ਚੁੱਕਣ ਲਈ ਮੰਡਲੀ ਦੇ ਤੰਬੂ ਵਿੱਚ ਆਉਣ, [48]ਏਹ ਗਿਣੇ ਗਏ ਅਤੇ ਅੱਠ ਹਜ਼ਾਰ ਪੰਜ ਸੌ ਅੱਸੀ ਸਨ। [49]ਯਹੋਵਾਹ ਦੇ ਹੁਕਮ ਨਾਲ ਅਤੇ ਮੂਸਾ ਦੇ ਰਾਹੀਂ ਓਹ ਗਿਣੇ ਗਏ, ਹਰ ਮਨੁੱਖ ਉਸ ਦੀ ਟਹਿਲ ਸੇਵਾ ਅਰ ਭਾਰ ਅਨੁਸਾਰ। ਇਉਂ ਓਹ ਗਿਣੇ ਗਏ ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ।**

**ਆਇਤਾਂ 34-49.** ਅਧਿਆਇ ਦਾ ਆਖ਼ਰੀ ਹਿੱਸਾ ਤਿੰਨ ਲੇਵੀ ਟੱਬਰਾਂ ਦੀ ਗਿਣਤੀ ਦੇ ਨਤੀਜੇ ਪੇਸ਼ ਕਰਦਾ ਹੈ। **ਜਿਹੜੇ ਗਿਣੇ ਗਏ** ਉਹ **ਤੀਹ ਵਰਿਹਾਂ ਤੋਂ ਉੱਪਰ ਪੰਜਾਹ ਵਰਿਹਾਂ ਤੀਕ** ਸਨ, ਜਿਹੜੇ **ਮੰਡਲੀ ਦੇ ਤੰਬੂ ਵਿੱਚ ਟਹਿਲ ਸੇਵਾ ਕਰਨ** ਜੋਗ ਸਨ (4:35; ਵੇਖੋ 4:41, 43)। ਇਸ ਗਿਣਤੀ ਤੋਂ ਜੋ ਅੰਕੜੇ ਸਾਹਮਣੇ ਆਏ ਉਹ ਹੇਠ ਲਿਖੇ ਹਨ:

| | |
|---|---|
| ਕਹਾਥੀਆਂ | 2,750 |
| ਗੇਰਸ਼ੋਨੀਆਂ | 2,630 |
| ਮਰਾਰੀਆਂ | 3,200 |
| ਕੁੱਲ | 8,580 |

ਤਿੰਨਾਂ ਟੱਬਰਾਂ ਦੀ ਕੁੱਲ ਮਿਲਾ ਕੇ ਜੋ ਗਿਣਤੀ ਬਣਦੀ ਹੈ ਉਹ ਹੈ 8,580 (4:48)। ਅਧਿਆਇ 3 ਵਿਚ ਦਿੱਤੀ ਗਈ ਲੇਵੀਆਂ ਦੀ ਕੁੱਲ ਗਿਣਤੀ (22,000) ਨੂੰ ਧਿਆਨ ਵਿਚ ਰੱਖਦੇ ਹੋਏ ਇਹ ਅੰਕੜਾ ਤਰਕਪੂਰਣ ਜਾਪਦਾ ਹੈ।

ਗਿਣਤੀ ਦੀ ਪੁਸਤਕ ਦੇ ਪਹਿਲੇ ਤਿੰਨ ਅਧਿਆਵਾਂ ਦੇ ਵਾਂਗ ਇਹ ਅਧਿਆਇ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਇਸਰਾਏਲੀਆਂ ਨੇ **ਯਹੋਵਾਹ ਦੇ ਹੁਕਮ ਅਨੁਸਾਰ** ਕੀਤਾ (4:37, 41, 45, 49)।

# ਪ੍ਰਾਸੰਗਿਕਤਾ

## "ਤਾਂ ਜੋ ਓਹ ਜੀਉਣ ਅਰ ਨਾ ਮਰਨ" (4:19)

ਜਾਜਕਾਂ ਦਾ ਮਹੱਤਵਪੂਰਣ ਕੰਮ ਇਹ ਸੀ ਕਿ ਉਨ੍ਹਾਂ ਨੇ ਕਹਾਥੀਆਂ ਦੇ ਵੇਖਣ ਜਾਂ ਛੋਹਣ ਤੋਂ ਪਹਿਲਾਂ ਪਵਿੱਤ੍ਰ ਚੀਜ਼ਾਂ ਨੂੰ ਢੱਕਣਾ ਹੁੰਦਾ ਸੀ; ਉਨ੍ਹਾਂ ਨੇ ਇਹ ਕੰਮ ਇਸ ਲਈ ਕਰਨਾ ਹੁੰਦਾ ਸੀ ਤਾਂ ਕਿ ਲੇਵੀ "ਜੀਉਣ ਅਰ ਨਾ ਮਰਨ" (4:19)। ਡੇਹਰੇ ਦੇ ਪਵਿੱਤਰ ਸਾਮਾਨ ਨੂੰ ਵੇਖਣ ਜਾਂ ਛੋਹਣ ਦਾ ਅਧਿਕਾਰ ਸਿਰਫ ਜਾਜਕਾਂ ਨੂੰ ਦਿੱਤਾ ਗਿਆ ਸੀ। ਹੋਰ ਜੋ ਕੋਈ ਪਵਿੱਤਰ ਚੀਜ਼ਾਂ ਨੂੰ ਛੋਹੰਦਾ ਸੀ ਮਰ ਜਾਂਦਾ ਸੀ। ਇਸ ਜਾਜਕਾਈ ਕੰਮ ਦੀ ਤੁਲਨਾ ਮਸੀਹੀ ਲੋਕਾਂ ਦੀਆਂ ਕੁਝ ਜ਼ਿੰਮੇਵਾਰੀਆਂ ਨਾਲ ਕੀਤੀ ਜਾ ਸਕਦੀ ਹੈ। ਉਦਾਹਰਣ ਦੇ ਲਈ, ਮਸੀਹੀ ਮਾਂ-ਬਾਪ ਨੂੰ ਉਨ੍ਹਾਂ ਦੇ ਬੱਚਿਆਂ ਨੂੰ ਉਨ੍ਹਾਂ ਦੁਨਿਆਵੀ ਕੰਮਾਂ ਵਿਚ ਹਿੱਸਾ ਲੈਣ ਤੋਂ ਕਿਉਂ ਮਨ੍ਹਾ ਕਰਨਾ ਚਾਹੀਦਾ ਹੈ ਜਿਨ੍ਹਾਂ ਵਿਚ ਦੂਜੇ ਜਵਾਨ ਲੋਕ ਹਿੱਸਾ ਲੈਂਦੇ ਹਨ? "ਤਾਂ ਜੋ ਓਹ ਜੀਉਣ ਅਰ ਨਾ ਮਰਨ।" ਕਲੀਸੀਆਵਾਂ ਨੂੰ

ਬੇਮੁਹਾਰੇ ਮੈਂਬਰਾਂ ਨੂੰ ਕਿਉਂ ਅਨੁਸ਼ਾਸਿਤ ਕਰਨਾ ਚਾਹੀਦਾ ਹੈ ਜਿਹੜੇ ਪਸ਼ਚਾਤਾਪ ਕਰਨ ਤੋਂ ਇਨਕਾਰ ਕਰਦੇ ਹਨ? "ਤਾਂ ਜੋ ਓਹ ਜੀਉਣ ਅਰ ਨਾ ਮਰਨ" (ਵੇਖੋ 1 ਕੁਰਿੰਥੀਆਂ 5:5; ਯਾਕੂਬ 5:19, 20)। ਮਸੀਹੀ ਲੋਕਾਂ ਨੂੰ ਆਪਣੇ ਮਿੱਤਰਾਂ ਅਤੇ ਪਰਿਵਾਰਕ ਮੈਂਬਰਾਂ ਨੂੰ ਮਸੀਹ ਦੀ ਆਗਿਆ ਦਾ ਪਾਲਣ ਕਰਨ ਦੇ ਲਈ ਮਨਾਉਣ ਦੀ ਕਿਉਂ ਕੋਸ਼ਿਸ਼ ਕਰਨੀ ਚਾਹੀਦੀ ਹੈ? "ਤਾਂ ਜੋ ਓਹ ਜੀਉਣ ਅਰ ਨਾ ਮਰਨ।"

---

ਟਿੱਪਣੀਆਂ

[1]ਗੋਰਡਨ ਜੇ. ਵੈਨਹਮ, *ਗਿਣਤੀ*, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1981), 97-98, ਨੰ. 2. [2]ਆਰ. ਕੇ. ਹੈਰੀਸਨ, *ਗਿਣਤੀ: ਐਨ ਐਕਸਜੈਟੀਕਲ ਕਮੈਂਟਰੀ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਊਸ, 1992), 81. [3]ਵੰਸ਼ਾਵਲੀ ਦੀਆਂ ਸੂਚੀਆਂ ਵਿਚ ਕਹਾਥ ਤੋਂ ਪਹਿਲਾਂ ਗੇਰਸ਼ੋਨ ਆਉਂਦਾ ਹੈ (ਉਤਪਤ 46:11; ਕੂਚ 6:16; ਗਿਣਤੀ 3:17; 1 ਇਤਹਾਸ 6:1), ਜੋ ਇਹ ਦੱਸਦਾ ਹੈ ਕਿ ਗੇਰਸ਼ੋਨ ਪਲੋਠਾ ਸੀ।